# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ
# ਮਨੋਰੰਜਨ ਅਤੇ ਸਭਿਆਚਾਰਕ ਸੇਵਾਵਾਂ ਦਾ ਵਿਭਾਗ

ਮਨੋਰੰਜਨ ਅਤੇ ਸਭਿਆਚਾਰਕ ਸੇਵਾਵਾਂ ਦਾ ਵਿਭਾਗ (LCSD) ਇੱਕ ਵਿਸ਼ਵ ਪੱਧਰੀ ਸ਼ਹਿਰ ਅਤੇ ਪ੍ਰੋਗਰਾਮਾਂ ਦੀ ਰਾਜਧਾਨੀ ਵਜੋਂ ਹਾਂਗ ਕਾਂਗ ਦੇ ਵਿਕਾਸ ਦੇ ਅਨੁਕੂਲ ਉੱਚ ਮਨੋਰੰਜਨ ਅਤੇ ਸਭਿਆਚਾਰਕ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਅਸੀਂ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਜਨਤਾ ਦੇ ਸਾਰੇ ਮੈਂਬਰਾਂ ਦੁਆਰਾ ਸਾਡੀਆਂ ਸੇਵਾਵਾਂ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਨੂੰ ਬਹੁਤ ਮਹੱਤਵ ਦਿੰਦੇ ਹਾਂ।

| | |
|---|---|
| ਸਬੰਧਿਤ ਸੇਵਾਵਾਂ | • ਆਮ ਲੋਕ ਮਨੋਰੰਜਨ ਅਤੇ ਖੇਡ ਸਹੂਲਤਾਂ ਬੁੱਕ ਕਰ ਸਕਦੇ ਹਨ ਅਤੇ ਬੁਕਿੰਗ ਕਾਊਂਟਰਾਂ 'ਤੇ ਮਨੋਰੰਜਨ ਅਤੇ ਖੇਡ ਪ੍ਰੋਗਰਾਮਾਂ ਨੂੰ ਦਰਜ ਕਰਵਾ ਸਕਦੇ ਹਨ, ਬਾਕਸ ਦਫਤਰਾਂ ਤੋਂ ਸਭਿਆਚਾਰਕ ਸਮਾਗਮਾਂ ਦੀਆਂ ਟਿਕਟਾਂ ਖਰੀਦ ਸਕਦੇ ਹਨ ਅਤੇ ਸਾਡੇ ਖੇਡਾਂ ਅਤੇ ਸਭਿਆਚਾਰਕ ਸਥਾਨਾਂ ਦੇ ਨਾਲ ਨਾਲ ਜ਼ਿਲ੍ਹਾ ਮਨੋਰੰਜਨ ਸੇਵਾਵਾਂ ਦਫਤਰਾਂ 'ਤੇ ਸਹੂਲਤਾਂ ਕਿਰਾਏ 'ਤੇ ਲੈ ਸਕਦੇ ਹਨ। ਇਹ ਸੇਵਾਵਾਂ ਚੀਨੀ ਅਤੇ ਅੰਗਰੇਜ਼ੀ ਦੋਹਾਂ ਵਿੱਚ ਦਿੱਤੀਆਂ ਜਾਣਗੀਆਂ।<br><br>• ਆਮ ਲੋਕ ਸਾਡੀ ਸੇਵਾਵਾਂ ਨਾਲ ਸਬੰਧਿਤ ਪੁੱਛਗਿੱਛ ਅਤੇ ਸ਼ਿਕਾਇਤਾਂ, ਚੀਨੀ ਜਾਂ ਅੰਗਰੇਜ਼ੀ ਵਿਚ ਸਾਡੇ ਸਥਾਨਾਂ ਅਤੇ ਜ਼ਿਲ੍ਹਾ ਮਨੋਰੰਜਨ ਸੇਵਾਵਾਂ ਦੇ ਦਫਤਰਾਂ ਦੇ ਪੁੱਛ-ਗਿੱਛ ਕਾਊਂਟਰਾਂ (ਸੱਭਿਆਚਾਰਕ ਸਥਾਨਾਂ ਲਈ) / ਬੁਕਿੰਗ ਕਾਊਂਟਰਾਂ (ਮਨੋਰੰਜਨ ਸਥਾਨਾਂ ਲਈ) 'ਤੇ ਵੀ ਦਰਜ ਕਰਾ ਸਕਦੇ ਹਨ।<br><br>• ਸਾਡੀਆਂ ਸੇਵਾਵਾਂ ਅਤੇ ਸਹੂਲਤਾਂ ਬਾਰੇ ਜਾਣਕਾਰੀ LCSD ਦੀ ਵੈਬਸਾਈਟ ਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਉਪਲਬਧ ਹੈ। ਲਿਖਤੀ ਸਮਗਰੀ, ਪ੍ਰਚਾਰ ਸੰਬੰਧੀ ਸਮਗਰੀ ਅਤੇ ਪ੍ਰੋਗਰਾਮ ਦੀ ਜਾਣਕਾਰੀ ਸਮੇਤ ਚੀਨੀ ਅਤੇ ਅੰਗਰੇਜ਼ੀ ਵਿੱਚ ਵੀ ਉਪਲਬਧ ਹੈ। |

| | |
|---|---|
| ਮੌਜੂਦਾ ਉਪਾਅ | • ਜਿੱਥੇ ਜਰੂਰੀ ਅਤੇ ਉਚਿਤ ਹੋਵੇਗਾ ਘੱਟ ਗਿਣਤੀ ਲੋਕਾਂ ਦੀ ਏਕਤਾ ਅਤੇ ਤੱਰਕੀ ਲਈ ਕੇਂਦਰ ਦੁਆਰਾ CHEER ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਭਾਵ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਗਾਲੋਗ, ਥਾਈ ਅਤੇ ਵੀਅਤਨਾਮੀ ਵਿੱਚ ਟੈਲੀਫੋਨ ਵਿਆਖਿਆ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ।<br><br>• ਭਾਸ਼ਾ ਸੇਵਾਵਾਂ ਦੀ ਉਪਲਬਧਤਾ ਬਾਰੇ ਵੱਖ ਵੱਖ ਜਾਤਾਂ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਸਾਡੇ ਸਥਾਨਾਂ ਅਤੇ ਜ਼ਿਲ੍ਹਾ ਮਨੋਰੰਜਨ ਸੇਵਾਵਾਂ ਦੇ ਦਫਤਰਾਂ ਦੇ ਪੁੱਛ-ਗਿੱਛ ਕਾਊਂਟਰਾਂ (ਸੱਭਿਆਚਾਰਕ ਸਥਾਨਾਂ ਲਈ) / ਬੁਕਿੰਗ ਕਾਊਂਟਰਾਂ (ਮਨੋਰੰਜਨ ਸਥਾਨਾਂ ਲਈ) ‘ਤੇ ਨੋਟਿਸ ਦਿੱਤੇ ਗਏ ਹਨ। ਸਾਡੇ ਸਟਾਫ ਦੀ ਸਹਾਇਤਾ ਲਈ ਸੰਚਾਰ ਸਾਧਨ ਜਿਵੇਂ ਕਿ ਭਾਸ਼ਾ ਪਛਾਣ ਕਾਰਡ ਢੁੱਕਵੀਂ ਭਾਸ਼ਾ ਸੇਵਾ ਪ੍ਰਦਾਨ ਕਰਨ ਲਈ ਉਪਲਬਧ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਮੀਖਿਆ ਅਤੇ ਹੋਰ ਸੁਧਾਰ ਲਈ ਭਾਸ਼ਾ ਸੇਵਾਵਾਂ ਦੀ ਸਾਡੀ ਵਿਵਸਥਾ 'ਤੇ ਆਪਣੇ ਤਜ਼ਰਬੇ ਅਤੇ ਨਿਰੀਖਣਾਂ ਨੂੰ ਰਿਕਾਰਡ ਕਰਨ ਲਈ ਫਰੰਟਲਾਈਨ ਸਟਾਫ ਲਈ ਇੱਕ ਨਮੂਨਾ ਤਿਆਰ ਕੀਤਾ ਗਿਆ ਹੈ।<br><br>• ਵੱਖ ਵੱਖ ਜਾਤਾਂ ਦੇ ਲੋਕਾਂ ਸਮੇਤ ਜਨਤਾ ਦੇ ਫੀਡਬੈਕ / ਸੁਝਾਅ ਰਿਕਾਰਡ ਕੀਤੇ ਜਾਣਗੇ ਅਤੇ ਜੇ ਜਰੂਰੀ ਅਤੇ ਢੁੱਕਵਾਂ ਹੋਵੇਗਾ ਤਾਂ ਹੋਰ ਸੁਧਾਰ ਲਈ ਵਿਚਾਰ ਕੀਤਾ ਜਾਵੇਗਾ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਬਹੁਤ ਵਧੀਆ ਜਨਤਕ ਹਿੱਤਾਂ ਦੀਆਂ ਲਿਖਤੀ ਸਮੱਗਰੀਆਂ ਦੇ ਨਾਲ-ਨਾਲ ਉਨ੍ਹਾਂ ਦੇ ਈ-ਸੰਸਕਰਣਾਂ ਨੂੰ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਲਈ ਵਿਚਾਰ ਕੀਤਾ ਜਾਂਦਾ ਹੈ। LCSD ਨੇ ਜਲ ਸੁਰੱਖਿਆ ਸੁਝਾਅ ਨੂੰ ਸੱਤ ਭਾਸ਼ਾਵਾਂ ਹਿੰਦੀ, ਬਹਾਸਾ ਇੰਡੋਨੇਸ਼ੀਆ, ਨੇਪਾਲੀ, ਉਰਦੂ, ਤਗਾਲੋਗ, ਥਾਈ ਅਤੇ ਵੀਅਤਨਾਮੀ ਵਿੱਚ ਅਨੁਵਾਦ ਕੀਤਾ ਹੈ, ਜਿਸ ਨੂੰ LCSD ਦੀ |

ਵੈੱਬਸਾਈਟ 'ਤੇ ਅਪਲੋਡ ਕੀਤਾ ਗਿਆ ਹੈ।

- LCSD ਸਮਾਨ ਅਵਸਰ ਕਮਿਸ਼ਨ, ਸਿਵਲ ਸਰਵਿਸ ਕਾਲਜ ਐਂਡ ਡਿਵੈਲਪਮੈਂਟ ਇੰਸਟੀਚਿਊਟ ਅਤੇ ਹੋਰ ਸਬੰਧਿਤ ਗੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਕਰਮਚਾਰੀਆਂ ਨੂੰ ਲੋੜੀਂਦੀ ਸਿਖਲਾਈ ਪ੍ਰਦਾਨ ਕਰੇਗਾ, ਤਾਂ ਜੋ ਜਨਤਾ ਦੇ ਸਾਰੇ ਲੋਕਾਂ ਤੱਕ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਸੇਵਾਵਾਂ ਤੱਕ ਬਰਾਬਰ ਪਹੁੰਚ ਦੀ ਵਿਭਾਗ ਦੀ ਪਹਿਲ ਬਾਰੇ ਉਨ੍ਹਾਂ ਦੀ ਪੂਰੀ ਸਮਝ ਨੂੰ ਯਕੀਨੀ ਬਣਾਇਆ ਜਾ ਸਕੇ।

LCSD ਵਿਚ ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਾਰਜਕਾਰੀ ਅਧਿਕਾਰੀ (ਜਨਰਲ) 3 ਮਿਸ ਅਮਾਂਡਾ ਸੋ, ਨਾਲ ਸੰਪਰਕ ਕਰੋ–


ਟੈਲੀਫੋਨ ਨੰ. : 2601 8900
ਫੈਕਸ ਨੰ. : 2603 0642
ਈਮੇਲ : eog3@lcsd.gov.hk
ਡਾਕ ਲਈ ਪਤਾ : 13/F., Leisure and Cultural Services Headquarters,
1 – 3 Pai Tau Street, Sha Tin


ਮਨੋਰੰਜਨ ਅਤੇ ਸਭਿਆਚਾਰਕ ਸੇਵਾਵਾਂ ਦਾ ਵਿਭਾਗ
ਮਈ 2023